British Columbia's
**Office of the Human Rights Commissioner**

# ਬ੍ਰਿਟਿਸ਼ ਕੋਲੰਬੀਆ ਵਿੱਚ ਲਾਜ਼ਮੀ ਮਾਸਕ ਪਾਉਣ ਦੇ ਹੁਕਮਾਂ ਵਿੱਚ ਛੋਟ

ਹੁਣ ਬੀ ਸੀ ਵਿੱਚ ਸਾਰੀਆਂ ਜਨਤਕ ਇਮਾਰਤਾਂ ਵਿੱਚ ਮਾਸਕ ਪਾਉਣਾ ਲਾਜ਼ਮੀ ਹੈ, ਕੇਵਲ ਉਹਨਾਂ ਲੋਕਾਂ ਨੂੰ ਛੱਡ ਕੇ ਜਿਹੜੇ ਮਾਸਕ ਨਹੀਂ ਪਾ ਸਕਦੇ।



ਤੁਹਾਨੂੰ ਮਾਸਕ ਪਾਉਣ ਦੀ ਲੋੜ ਨਹੀਂ ਜੇਕਰ:

- ਤੁਸੀਂ 12 ਸਾਲ ਤੋਂ ਛੋਟੇ ਹੋ
- ਤੁਸੀਂ ਕਿਸੇ ਸਿਹਤ ਕਾਰਣਾਂ ਜਾਂ ਸਰੀਰਕ ਅਤੇ ਮਾਨਸਿਕ ਅਪਾਹਜਤਾ ਕਰਕੇ ਮਾਸਕ ਨਹੀਂ ਪਾ ਸਕਦੇ
- ਤੁਸੀਂ ਕਿਸੇ ਦੂਸਰੇ ਵਿਅਕਤੀ ਦੀ ਮਦਦ ਤੋਂ ਬਿਨਾਂ ਮਾਸਕ ਪਾਉਣ ਜਾਂ ਲਾਹੁਣ ਦੇ ਯੋਗ ਨਹੀਂ ਹੋ

ਜਿਹੜੇ ਲੋਕ ਮਾਸਕ <u>ਪਾ ਸਕਦੇ ਹਨ</u> ਪਰ ਆਪਣੀ ਮਰਜ਼ੀ ਅਨੁਸਾਰ ਨਹੀਂ ਪਾਉਣਾ ਚਾਹੁੰਦੇ, ਉਹਨਾਂ ਨੂੰ <u>ਕੋਈ ਛੋਟ ਨਹੀਂ</u>।

ਜਿਹਨਾਂ ਲੋਕਾਂ ਨੂੰ ਛੋਟ ਨਹੀਂ ਪਰ ਉਹ ਜਨਤਕ ਇਮਾਰਤਾਂ ਵਿੱਚ ਮਾਸਕ ਪਾਉਣ ਤੋਂ ਇਨਕਾਰ ਕਰਦੇ ਹਨ, ਉਹਨਾਂ ਨੂੰ ਜੁਰਮਾਨਾ ਹੋ ਸਕਦਾ ਹੈ।

ਜੇਕਰ ਕੋਈ ਵਿਅਕਤੀ ਮਾਸਕ ਨਾ ਪਾਉਣ ਦੀ ਛੋਟ ਦਾ ਦਾਅਵਾ ਕਰਦਾ ਹੈ ਤਾਂ ਉਸਦੀ ਗੱਲ ਮੰਨ ਲਓ। <u>ਸਬੂਤ ਮੰਗਣ ਦੀ ਲੋੜ ਨਹੀਂ</u>।

ਉਹਨਾਂ ਕਾਰੋਬਾਰਾਂ ਦੇ ਮਾਲਕਾਂ ਨੂੰ <u>ਜੁਰਮਾਨਾ ਨਹੀਂ ਕੀਤਾ ਜਾ ਸਕਦਾ</u> ਜਿਹੜੇ ਬਿਨਾਂ ਮਾਸਕ ਦੇ ਲੋਕਾਂ ਨੂੰ ਆਪਣੇ ਵਪਾਰਕ ਅਦਾਰਿਆਂ ਅੰਦਰ ਆਉਣ ਦੀ ਆਗਿਆ ਦੇਂਦੇ ਹਨ।

**ਬੀ ਸੀ ਦੇ ਮਨੁੱਖੀ ਅਧਿਕਾਰਾਂ ਦੇ ਕਮਿਸ਼ਨਰ ਵੱਲੋਂ ਇੱਕ ਸੁਨੇਹਾ**

26 ਅਪ੍ਰੈਲ, 2021 ਤੋਂ ਪ੍ਰਭਾਵਸ਼ਾਲੀ. ਬੀ.ਸੀ. ਬਿਮਾਰੀ ਦੇ. ਕੇਂਦਰ ਤੇ ਜਾਓ
ਕੰਟਰੋਲ ਤੋਂ ਨਵੀਂ ਜਾਣਕਾਰੀ ਪ੍ਰਾਪਤ ਕਰੋ (www.bccdc.ca).